ਮੁੱਲ 100/- ਰੁ:

ISSN 2278-5167
www.shabaduk.co.uk

ਸ਼ਬਦ

ਸਪਲੀਮੈਂਟ 44

ਗੁਰਪਾਲ ਲਿੱਟ ਵਿਸ਼ੇਸ਼ ਅੰਕ



ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

SHABAD is an International Quarterly of Literature, Art and Culture

ਸ਼ਬਦ

ISSN 2278-5167
Website : www.shabaduk.co.uk
A Peer Reviewd Research Journal

ਸਾਲ : 29 **ਗੁਰਪਾਲ ਲਿੱਟ ਵਿਸ਼ੇਸ਼ ਅੰਕ** **ਅਪ੍ਰੈਲ, 2026**

ਮੁੱਖ ਸੰਪਾਦਕ
ਹਰਜੀਤ ਅਟਵਾਲ
67, Hillside Road, Southall,
Middlesex , England. UB1 2PE
Mobile : 07782-265726
e mail: harjeetatwal@yahoo.co.uk

ਸੰਪਾਦਕ
ਜਿੰਦਰ
984, Near Surinder Welding Works,
Rajput Nagar,
Model House, Jalandhar-144003
Mobile : 98148 03254
Email : jinder340@gmail.com

ਹਰਮਹਿੰਦਰ ਚਹਿਲ
7305, Sterling Grove Dr., Springfield
VA 22150 U.S.A., Ph. 001-703-362-3239
Email : Chahals57@Yahoo.com

ਰਵੀ ਸ਼ੇਰਗਿੱਲ
8042, Prairie Hawk Way, Sacramento,
CA 95829 U.S.A., Ph. 001-916-753-2868
Email : drgilldvm@Yahoo.com

ਸਲਾਹਕਾਰ ਬੋਰਡ

ਪ੍ਰੋ. ਗੁਰਪਾਲ ਸਿੰਘ ਸੰਧੂ
(M. No. 98882-82084)

ਪ੍ਰੋ. ਸਰਬਜੀਤ ਸਿੰਘ
(M. No. 98155-74144)

ਪ੍ਰੋ. ਗੁਰਮੁਖ ਸਿੰਘ
(M. No. 98720-09726)

ਪ੍ਰੋ. ਰਵੀ ਰਵਿੰਦਰ
(M. No. 98180-38041)

ਡਾ. ਯਾਦਵਿੰਦਰ ਸਿੰਘ
(M. No. 70420-73084)

ਡਾ. ਕੁਲਦੀਪ ਸਿੰਘ
(M. No. 94662-42485)

ਡਾ. ਮੇਘਾ ਸਲਵਾਨ
(M. No. 94632-06910)

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680,
IFSC No BKID0006404. Branch Satluj Markeet , Jalandhar

ਚੰਦਾ : 600 ਰੁ: ਸਾਲਾਨਾ, 40 ਪੌਂਡ ਸਾਲਾਨਾ, 100 ਡਾਲਰ ਸਾਲਾਨਾ,
ਲਾਈਫ ਮੈਂਬਰਸ਼ਿਪ : ਵੀਹ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

ਤਤਕਰਾ

- ਮੇਰਾ ਪੰਨਾ/3
- ਮਨੋਂਵਿਗਿਆਨ ਦਾ ਕਹਾਣੀਕਾਰ ਗੁਰਪਾਲ ਲਿੱਟ/ਮੁਖਤਿਆਰ ਸਿੰਘ/8
- ਜ਼ਿੰਦਗੀ ਦੇ ਇਕਬਾਲਨਾਮੇ ਵਾਲਾ ਕਹਾਣੀਕਾਰ/ਸੁਰਿੰਦਰ ਕੈਲੇ /13
- ਗੁਰਪਾਲ ਤੋਂ ਗੁਰਪਾਲ ਤੱਕ/ਸਤੀਸ਼ ਕੁਮਾਰ ਵਰਮਾ/19
- ਉੱਡਦੀ ਹੋਈ ਜ਼ਿੰਦਗੀ ਜੀਅ ਰਿਹਾ–ਗੁਰਪਾਲ ਲਿੱਟ/ਜਤਿੰਦਰ ਸਿੰਘ ਹਾਂਸ/20

ਗੁਰਪਾਲ ਲਿੱਟ ਦੀਆਂ 6 ਚੋਣਵੀਆਂ ਕਹਾਣੀਆਂ

- ਨਹੀਂ, ਇਹ ਅੰਤ ਨਹੀਂ ਹੈ..../29
- ਇਕ ਸਟੀਮ ਫਰੇਮ/40
- ਰੇਪ ਕੇਸ/50
- ਮੁੱਠੀ ਵਿੱਚੋਂ ਕਿਰਦਾ ਮਾਰੂਥਲ/58
- ਇਕ ਮਾਂ ਦਾ ਹਨੀਮੂਨ/66
- ਦੁਰਗ ਟੁੱਟਦੇ ਨੇ /77

ਮੇਰਾ ਪੰਨਾ

ਮੈਂ ਗੁਰਪਾਲ ਲਿੱਟ ਨੂੰ ਉਸ ਦੇ ਕਹਾਣੀ ਸੰਗ੍ਰਹਿ 'ਇੱਕ ਮਾਂ ਦਾ ਹਨੀਮੂਨ' ਰਾਹੀਂ ਜਾਣਿਆ। ਉਦੋਂ ਐਸ. ਤਰਸੇਮ ਤਪਾ ਮੰਡੀ ਰਹਿੰਦਾ ਸੀ। ਮੈਨੂੰ ਉਸ ਨੇ ਕਿਸੇ ਪ੍ਰੋਗਰਾਮ 'ਤੇ ਬੁਲਾਇਆ ਸੀ। ਮੈਂ ਸਾਹਿਤ ਦੇ ਪਿੜ ਵਿੱਚ ਨਵਾਂ-ਨਵਾਂ ਆਇਆ ਸਾਂ। ਬਹੁਤ ਕੁੱਝ ਜਾਣਨ ਤੇ ਲੇਖਕਾਂ ਨੂੰ ਮਿਲਣ ਦੀ ਤੀਬਰ ਚਾਹਨਾ ਸੀ। ਮੈਨੂੰ ਐਸ. ਤਰਸੇਮ ਨੇ 'ਇੱਕ ਮਾਂ ਦਾ ਹਨੀਮੂਨ' ਕਹਾਣੀ ਸੰਗ੍ਰਹਿ ਪੜ੍ਹਣ ਲਈ ਦਿੱਤਾ ਸੀ। ਇਹ ਕਹਾਣੀ ਸੰਗ੍ਰਹਿ ਛੋਟੇ ਸਾਇਜ਼ 20×30/16 ਵਿੱਚ ਛਪਿਆ ਸੀ। ਮੈਂ ਇਸ ਸੰਗ੍ਰਹਿ ਨੂੰ ਪੰਜ-ਸੱਤ ਵਾਰ ਪੜ੍ਹਿਆ। ਮੈਨੂੰ ਲਿੱਟ ਵੱਡਾ ਤੇ ਵੱਖਰੀ ਪਹਿਚਾਣ ਵਾਲਾ ਕਹਾਣੀਕਾਰ ਲੱਗਾ। ਇਹ ਉਹ ਦੌਰ ਸੀ ਜਦੋਂ ਕਈ ਕਹਾਣੀਕਾਰ 'ਸਿਰਜਣਾ' ਵਿੱਚ ਛਪਣ ਲਈ ਤਰਲੋਮਛੀ ਹੋ ਰਹੇ ਸਨ। ਇਸੇ ਦੌਰ ਵਿੱਚ ਹਿੰਦੀ ਵਿੱਚ 'ਧਰਮਯੁੱਗ', 'ਸਾਰਿਕਾ' ਤੇ 'ਸਪਤਾਹਿਕ ਹਿੰਦੋਸਤਾਨ' ਦੀ ਤੂਤੀ ਬੋਲਦੀ ਸੀ। 'ਧਰਮਯੁੱਗ' ਸਪਤਾਹਿਕ ਸੀ। ਉਸ ਦੇ ਹਰੇਕ ਅੰਕ ਵਿੱਚ ਕਹਾਣੀ ਛਪਦੀ ਸੀ। ਜੇ ਕਿਸੇ ਦੀ ਕਹਾਣੀ ਛਪਦੀ ਸੀ ਤਾਂ ਉਸ ਨੂੰ ਬੜੀ ਮਾਣਤਾ ਮਿਲਦੀ ਸੀ। ਮੈਂ ਲਿੱਟ ਦੀਆਂ ਕੁੱਝ ਕਹਾਣੀਆਂ ਇਨ੍ਹਾਂ ਤਿੰਨਾਂ ਮੈਗਜ਼ੀਨਾਂ ਵਿੱਚ ਪੜ੍ਹੀਆਂ। ਮੈਨੂੰ ਉਸ ਦੇ ਲਿਖਣ ਦਾ ਲਹਿਜਾ ਹਿੰਦੀ ਤੇ ਬੰਗਲਾ ਭਾਸ਼ਾ ਦੇ ਸਾਹਿਤ ਦੇ ਨੇੜੇ ਲੱਗਾ।

ਮੈਂ ਉਸ ਨੂੰ ਪਹਿਲੀ ਵਾਰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿੱਚ ਵਰਿਆਮ ਸੰਧੂ ਵੱਲੋਂ ਕਰਵਾਈ ਕਹਾਣੀ-ਗੋਸ਼ਟੀ ਵਿੱਚ ਮਿਲਿਆ। ਉਸ ਨੂੰ ਸਟੇਜ 'ਤੇ ਬੋਲਦੇ ਨੂੰ ਸੁਣਿਆ। ਉਸ ਦੇ ਸ਼ਬਦਾਂ ਵਿੱਚ ਗੁੱਸਾ, ਰੰਜਿਸ਼ ਤੇ ਵਿਦਰੋਹ ਸੀ। ਉਸ ਦੇ ਇਸ ਦੁਨੀਆ ਤੋਂ ਜਾਣ ਤੋਂ ਪਹਿਲਾਂ ਤੱਕ ਇਨ੍ਹਾਂ ਤਿੰਨਾਂ ਸ਼ਬਦਾਂ ਨੇ ਉਸ ਦਾ ਪਿੱਛਾ ਨਹੀਂ ਛੱਡਿਆ ਸੀ। ਜਸਵੰਤ ਸਿੰਘ ਵਿਰਦੀ ਦੀ ਸਥਿਤੀ ਵੀ ਉਸੇ ਵਰਗੀ ਸੀ। ਉਨ੍ਹਾਂ ਦੋਹਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਦੇ ਸਾਹਿਤਕ ਯੋਗਦਾਨ ਨੂੰ ਅਣਡਿੱਠਾ ਕੀਤਾ ਗਿਆ ਜਾ ਰਿਹਾ। ਉਹ ਆਪਣੀ ਥਾਂ 'ਤੇ ਸੱਚੇ ਸੀ। ਮੈਂ 'ਸ਼ਬਦ' ਦੇ ਸਪਲੀਮੈਂਟ 'ਭੂਮਿਕਾ ਵਿਸ਼ੇਸ਼ ਅੰਕ' ਦੀ ਤਿਆਰੀ ਕਰ ਰਿਹਾ ਸਾਂ। ਲਿੱਟ ਸਿਰਫ਼ ਇੱਕ ਵਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿਲੇਬਸ ਦਾ ਹਿੱਸਾ ਬਣਿਆ ਸੀ। ਉਸ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਲੱਗਿਆ ਸੀ। ਉਸ ਤੋਂ ਇਲਾਵਾ ਲਿੱਟ ਦੀ ਕੋਈ ਵੀ ਕਹਾਣੀ ਕਿਸੇ ਵੀ ਯੂਨੀਵਰਸਿਟੀ ਦੀ ਪੁਸਤਕ ਵਿੱਚ ਸ਼ਾਮਿਲ ਨਹੀਂ ਹੋਈ ਸੀ।

1996 ਦੀ ਇੱਕ ਦੁਪਹਿਰ ਨੂੰ ਮੈਂ ਤੇ ਹਰਜੀਤ ਅਟਵਾਲ ਪਟਿਆਲੇ ਤੋਂ ਵਾਪਸ ਆਉਂਦੇ ਹੋਏ ਗੱਲਾਂ ਕਰ ਰਹੇ ਸਾਂ ਕਿ ਪੰਜਾਬ ਦਾ ਕੋਈ ਵੀ ਅਜਿਹਾ ਸ਼ਹਿਰ ਨਹੀਂ ਹੈ ਜਿੱਥੇ ਸਾਨੂੰ ਕੋਈ ਨਾ ਜਾਣਦਾ ਹੋਵੇ। ਕਾਰ ਦੇ ਡਰਾਈਵਰ ਕੁਲਵਿੰਦਰ ਨੇ ਖੰਨੇ ਆ ਕੇ ਪੁੱਛਿਆ ਸੀ, "ਭਾਜੀ ਇਸ ਸ਼ਹਿਰ 'ਚ ਤੁਹਾਨੂੰ ਕੌਣ ਜਾਣਦਾ ?" ਮੈਂ ਕਿਹਾ, "ਇੱਥੇ ਸਾਡਾ ਲਿੱਟ ਆ।" ਮੇਰੇ ਚਾਹ ਪੀਣ ਦਾ ਸਮਾਂ ਹੋ ਗਿਆ ਸੀ। ਮੈਂ ਕੁਲਵਿੰਦਰ ਨੂੰ ਕਿਸੇ ਦੁਕਾਨ 'ਤੇ ਚਾਹ ਪੀਣ ਲਈ ਰੁਕਣ ਲਈ ਕਿਹਾ। ਚਾਹ ਪੀਂਦਿਆਂ ਹੋਇਆਂ ਅਸੀਂ ਗੁਰਪਾਲ ਲਿੱਟ ਬਾਰੇ ਗੱਲਾਂ ਕਰਨ ਲੱਗੇ। ਦੁਕਾਨਦਾਰ ਦਾ ਮੁੰਡਾ ਕੋਲ ਆ ਕੇ ਬੋਲਿਆ, "ਮੈਂ ਮਾਸਟਰ ਜੀ ਨੂੰ ਜਾਣਦੈਂ।" ਅਸੀਂ ਉਸ ਨੂੰ ਕਾਰ ਵਿੱਚ ਬੈਠਾਇਆ। ਲਿੱਟ ਦੇ ਸਕੂਲੇ ਆ ਗਏ। ਭਾਬੀ ਜੀ ਨੇ ਚਾਹ ਦੇ

ਨਾਲ ਗਰਮ-ਗਰਮ ਪਕੌੜੇ ਖੁਆ ਕੇ ਆਪਣੇ ਮੁੰਡੇ ਦੀ ਫੋਟੋ ਦਿਖਾਈ। ਦੱਸਿਆ, "ਅਸੀਂ ਰਵਨੀਤ ਨੂੰ ਖੁੱਲ੍ਹ ਦੇ ਰੱਖੀ ਸੀ ਕਿ ਜੇ ਉਸ ਦਾ ਕਿਸੇ ਕੁੜੀ ਨਾਲ ਪਿਆਰ ਚੱਲਦਾ ਤਾਂ ਸਾਨੂੰ ਦੱਸ ਦੇਵੇ। ਅਸੀਂ ਉਸੇ ਨਾਲ ਤੇਰਾ ਵਿਆਹ ਕਰ ਦੇਵਾਂਗੇ। ਪਰ ਉਸ ਨੇ ਆਪਣੇ ਮਨ ਦੀਆਂ ਗੰਢਾਂ ਨ੍ਹੀਂ ਖੋਲ੍ਹੀਆਂ।" ਫੇਰ ਉਹ ਹਿਟਕੋਰੇ ਲੈ-ਲੈ ਕੇ ਰੋਣ ਲੱਗ ਪਏ। ਮਾਹੌਲ ਬਹੁਤ ਹੀ ਗਮਗੀਨ ਹੋ ਗਿਆ। ਸਾਡੇ ਆਪਣੇ ਮਨ 'ਤੇ ਇੰਨਾ ਬੋਝ ਪਿਆ ਕਿ ਮੈਂ ਤੇ ਹਰਜੀਤ ਫਗਵਾੜੇ ਤੱਕ ਇੱਕ ਵੀ ਸ਼ਬਦ ਨਾ ਬੋਲੇ।

ਉਸ ਦੀ ਜ਼ਿੰਦਗੀ ਦੇ ਸੰਘਰਸ਼ਾਂ ਦੀ ਬੜੀ ਲੰਬੀ ਗਾਥਾ ਹੈ। ਉਸ ਦੇ ਪੁੱਤ ਰਵਨੀਤ ਦੀ ਮੌਤ ਨੇ ਉਸ ਦਾ ਲੱਕ ਤੋੜ ਦਿੱਤਾ ਸੀ। ਉਸ ਨੇ ਆਪਣੇ ਪੁੱਤ ਦੀ ਯਾਦ ਵਿੱਚ 'ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ' (1997) ਸ਼ੁਰੂ ਕੀਤਾ। ਜਲੰਧਰ ਪ੍ਰਿੰਟਿੰਗ ਪ੍ਰੈੱਸਾਂ ਦਾ ਗੜ੍ਹ ਹੈ। ਉਸ ਨੇ ਮੈਨੂੰ ਇੱਕ ਫਰਮੇ ਦੀ ਪ੍ਰਿੰਟਿੰਗ, ਕਾਗਜ਼, ਬਾਈਡਿੰਗ ਤੇ ਲੈਮੀਨੇਸ਼ਨ ਦੇ ਰੇਟਾਂ ਦਾ ਪਤਾ ਕਰਨ ਲਈ ਕਈ ਵਾਰ ਫ਼ੋਨ ਕੀਤੇ। ਦੋ-ਚਾਰ ਵਾਰ ਆਪ ਆਇਆ। ਮੈਂ ਉਸ ਨੂੰ ਕਈ ਪ੍ਰੈੱਸਾਂ 'ਤੇ ਲੈ ਕੇ ਗਿਆ। ਉਹ ਬੜੀ ਸਹਿਜਤਾ ਨਾਲ ਕੰਮ ਕਰ ਰਿਹਾ ਸੀ। ਇੱਕ-ਇੱਕ ਚੀਜ਼ ਬਾਰੇ ਪੂਰੀ ਜਾਣਕਾਰੀ ਲੈ ਰਿਹਾ ਸੀ। ਉਹ ਜੱਟ ਨਹੀਂ ਬਾਣੀਆ ਲੱਗਾ ਸੀ। ਉਸ ਦੇ ਜੱਟ ਵਾਲਾ ਰੂਪ ਮੈਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕਰਵਾਈ ਗਈ ਵਿਸ਼ਾਲ ਕਹਾਣੀ ਗੋਸ਼ਟੀ ਵੇਲੇ ਦੇਖਣ ਨੂੰ ਮਿਲਿਆ ਸੀ। ਉਸ ਨੇ ਬੜੇ ਗੁੱਸੇ ਨਾਲ ਕਿਹਾ ਸੀ, "ਅਸੀਂ ਤਿੰਨ ਦਿਨਾਂ ਤੋਂ ਦੇਖ ਰਹੇ ਐਂ। ਇੱਕੋ ਕਹਾਣੀਕਾਰ ਦੀ ਵਾਰ-ਵਾਰ ਗੱਲ ਹੋ ਰਹੀ ਐ। ਕਹਾਣੀ ਗੋਸ਼ਟੀ ਦਾ ਨਾਂ ਉਸੇ ਦੇ ਨਾਂ 'ਤੇ ਰੱਖ ਦੇਣਾ ਚਾਹੀਦਾ ਸੀ। ਯਾਰੋ ਹੱਦ ਹੋ ਗਈ। ਅਸੀਂ ਇਹੋ ਸੁਣਨ ਆਏ ਸੀ...। ਤੁਸੀਂ ਨੌਜੁਆਨਾਂ ਨੂੰ ਆਪਣੇ ਨਾਲ ਜੋੜੋ। ਉਹ ਉਤਸ਼ਾਹ ਨਾਲ ਭਰੇ ਪਏ ਨੇ। ਜੇ ਅਸੀਂ ਉਨ੍ਹਾਂ ਬਾਰੇ ਗੱਲਾਂ ਨਾ ਕਰਾਂਗੇ ਤਾਂ ਕੌਣ ਕਰੇਗਾ। ਉਹ ਸਾਡਾ ਭਵਿੱਖ ਨੇ।.... ਮੈਂ ਆਪਣੇ ਮੁੰਡੇ ਨੂੰ ਆਪਣੀ ਕਹਾਣੀ ਪੜ੍ਹ ਕੇ ਸੁਣਾਉਂਦਾ ਹਾਂ। ਉਹ ਦੇ ਸੁਝਾਅ ਬਾਰੇ ਸੋਚਦਾ ਹਾਂ। ਜੇ ਤੁਸੀਂ ਇਨ੍ਹਾਂ ਮੁੰਡਿਆਂ ਬਾਰੇ ਨ੍ਹੀਂ ਸੋਚੋਗੇ ਤਾਂ ਅੱਗੇ ਹਨੇਰਾ ਹੀ ਹਨੇਰਾ ਦਿੱਸੇਗਾ।" ਫੇਰ ਉਹ ਆਪਣੇ ਮੁੰਡੇ ਨੂੰ ਯਾਦ ਕਰਕੇ ਰੋ ਪਿਆ ਸੀ। ਬਹੁਤੀ ਵਾਰ ਮੈਂ ਉਸ ਨੂੰ ਸ਼ਾਂਤ ਸੁਭਾਅ ਵਿੱਚ ਹੀ ਦੇਖਿਆ ਸੀ। ਖੈਰ ਉਸ ਨੇ ਭਗਵੰਤ ਰਸੂਲਪੁਰੀ, ਆਪਣੀਆਂ ਤੇ ਸੁਰਿੰਦਰ ਕੈਲੇ ਦੀਆਂ ਪੁਸਤਕ ਛਾਪੀਆਂ। 20×30/16 ਸਾਈਜ਼ ਵਿੱਚ। ਕਿਸੇ ਸਮੇਂ ਹਿੰਦ ਪਾਕਟ, ਦਿੱਲੀ ਵਾਲੇ ਪ੍ਰਕਾਸ਼ਕ ਨੇ ਅਜਿਹਾ ਉਦਮ ਕੀਤਾ ਸੀ। ਹਿੰਦ ਪਾਕਟ ਮੁੱਖ ਤੌਰ 'ਤੇ ਹਿੰਦੀ ਦੀਆਂ ਪੁਸਤਕਾਂ ਛਾਪਦੇ ਸਨ। ਸ਼ਾਇਦ ਲਿੱਟ ਦੇ ਸਾਹਮਣੇ ਵੀ ਉਨ੍ਹਾਂ ਦੀ ਰੂਪ-ਰੇਖਾ ਹੋਵੇ। ਪ੍ਰਕਾਸ਼ਨ ਦੇ ਕੰਮ ਲਈ ਪੈਸੇ ਚਾਹੀਦੇ ਨੇ। ਥਾਂ-ਥਾਂ 'ਤੇ ਜਾਣਾ ਪੈਂਦਾ ਹੈ। ਕਹਾਣੀਕਾਰ ਲਿੱਟ ਨੂੰ ਇਹ ਕੰਮ ਰਾਸ ਨਾ ਆਇਆ। ਇਸ ਕੰਮ ਵਿੱਚ ਉਹ ਕਾਮਯਾਬ ਨਾ ਹੋ ਸਕਿਆ। ਉਸ ਨੇ ਬੱਚਿਆਂ ਦਾ ਸਕੂਲ ਵੀ ਖੋਲ੍ਹ ਰੱਖਿਆ ਸੀ।

ਮੇਰੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਜਿਹੜੇ ਸਾਡੇ ਸੀਨੀਅਰ ਲੇਖਕ ਲਿਖਣ ਵੱਲੋਂ ਕਿਨਾਰਾ ਕਰ ਗਏ, ਉਨ੍ਹਾਂ ਨੂੰ ਲਿਖਣ ਲਈ ਵਾਰ-ਵਾਰ ਕਿਹਾ ਜਾਵੇ। 'ਸ਼ਬਦ' ਵਿੱਚ ਉਸ ਦੀ ਸਿਰਫ਼ ਇੱਕ ਕਹਾਣੀ ਛਪੀ ਸੀ। ਮੈਂ ਦੋ-ਤਿੰਨ ਮਹੀਨਿਆਂ ਮਗਰੋਂ ਉਸ ਨੂੰ ਫ਼ੋਨ ਕਰਦਾ, "ਭਾਅ ਜੀ, ਆਪਣੀ ਨਵੀਂ ਕਹਾਣੀ ਭੇਜੋ।" ਉਸ ਦਾ ਜੁਆਬ ਹੁੰਦਾ, "ਤੇਰੇ ਨਾਲ ਵਾਇਦਾ ਰਿਹਾ। ਅਗਲੇ ਅੰਕ ਲਈ ਮੈਂ ਆਪਣੀ ਨਵੀਂ ਕਹਾਣੀ, ਜੋ ਕਿ 50 ਪੰਨਿਆਂ ਤੋਂ ਵੱਡੀ ਐ,

ਭੇਜਾਂਗਾ।" ਪਰ ਉਸ ਨੇ ਕਹਾਣੀ ਨਾ ਭੇਜੀ। ਫੇਰ ਉਹ ਦੱਸਣ ਲੱਗਾ, "ਤੇਰੀ ਭਰਜਾਈ ਠੀਕ ਨ੍ਹੀਂ ਰਹਿੰਦੀ। ਮੇਰਾ ਉਸੇ ਵੱਲ ਧਿਆਨ ਰਹਿੰਦੈ।" ਮੈਂ ਚੰਡੀਗੜ੍ਹ ਨੌਕਰੀ ਕਰਦਾ ਸਾਂ। ਮੈਨੂੰ ਲੱਗਦਾ ਕਿ ਜਿੱਦਾਂ ਲਿੱਟ ਨੇ ਧਾਰ ਲਿਆ ਸੀ ਕਿ ਉਸ ਨੇ ਕਹਾਣੀ ਨਹੀਂ ਲਿਖਣੀ ਜਾਂ ਉਸ ਕੋਲੋਂ ਹੁਣ ਕਹਾਣੀ ਲਿਖੀ ਨਹੀਂ ਜਾਣੀ। ਮੇਰੀ ਜ਼ਿੱਦ ਸੀ ਕਿ ਮੈਂ ਉਸ ਕੋਲੋਂ ਲਿਖਵਾਉਣੀ ਹੀ ਲਿਖਵਾਉਣੀ ਹੈ। ਮੈਂ ਇੱਕ ਸ਼ੁੱਕਰਵਾਰ ਜਲੰਧਰ ਆਉਣ ਲੱਗਿਆਂ ਚੰਡੀਗੜ੍ਹੋਂ ਪਟਿਆਲੇ ਦੀ ਬੱਸ ਫੜੀ। ਰਾਜਪੁਰੇ ਉਤਰ ਕੇ ਜਲੰਧਰ ਜਾਣ ਵਾਲੀ ਬੱਸ ਵਿੱਚ ਆ ਬੈਠਾ ਤੇ ਖੰਨੇ ਉੱਤਰ ਕੇ ਰਿਕਸ਼ਾ ਲੈ ਕੇ ਲਿੱਟ ਦੇ ਸਕੂਲ ਚਲਾ ਗਿਆ। ਉਸ ਨੇ ਹੈਰਾਨੀ ਜ਼ਾਹਿਰ ਕਰਦਿਆਂ ਹੋਇਆਂ ਪੁੱਛਿਆ, "ਜਿੰਦਰ ਤੂੰ ਕਿੱਦਾਂ ਆ ਗਿਐਂ ? ਨਾ ਤੇਰਾ ਫ਼ੋਨ ਆਇਐ। ਨਾ ਕੋਈ ਸੁਨੇਹਾ ਮਿਲਿਐ।" ਉਹ ਮੇਰੇ ਅੱਗੇ-ਅੱਗੇ ਪੌੜੀਆਂ ਚੜ੍ਹਣ ਲੱਗਾ। ਮੈਂ ਉਸ ਦੇ ਪਿੱਛੇ-ਪਿੱਛੇ। ਚਾਹ ਪਾਣੀ ਪੀ ਕੇ ਮੈਂ ਭਾਬੀ ਜੀ ਨੂੰ ਕਿਹਾ, "ਇਸ ਬੰਦੇ ਨੂੰ ਕਮਰੇ 'ਚ ਤਾੜ ਦਿਓ। ਉੱਥੇ ਬੈਠੇ ਨੂੰ ਚਾਹ-ਰੋਟੀ ਦਈ ਜਾਉ। ਉੱਨਾ ਚਿਰ ਇਹਨੂੰ ਬਾਹਰ ਨ੍ਹੀਂ ਕੱਢਣਾ ਜਿੰਨਾ ਚਿਰ ਇਹ ਆਪਣੀ ਕਹਾਣੀ ਪੂਰੀ ਨ੍ਹੀਂ ਕਰ ਲੈਂਦਾ।" ਭਾਬੀ ਜੀ ਨੇ ਦੱਸਿਆ, "ਵੀਰ ਜੀ, ਮੈਂ ਤਾਂ ਆਖ-ਆਖ ਥੱਕ ਗਈ ਐਂ। ਤੁਹਾਡੇ ਕਈ ਵਾਰ ਫ਼ੋਨ ਆਏ ਨੇ। ਇਨ੍ਹਾਂ ਨੇ ਦੱਸਿਆ ਸੀ। ਇਹ ਬੰਦਾ ਬੜਾ ਢੀਠ ਐ। ਕਿਸੇ ਦੀ ਗੱਲ ਮੰਨਦਾ ਹੀ ਨ੍ਹੀਂ।" ਜਿਸ ਦਿਨ ਭਾਬੀ ਜੀ ਦੀ ਅਰਥੀ ਘਰੋਂ ਬਾਹਰ ਨਿਕਲ ਰਹੀ ਸੀ, ਉਸ ਦਿਨ ਮੈਂ ਮੁਖਤਿਆਰ ਸਿੰਘ ਨਾਲ ਗਿਆ ਤਾਂ ਲਿੱਟ ਨੇ ਅਰਥੀ ਵੱਲ ਮੂੰਹ ਕਰਕੇ ਕਿਹਾ ਸੀ, "ਦੇਖ ਲੈ ਜਿੰਦਰ, ਜਿਸ ਨੂੰ ਤੂੰ ਕਿਹਾ ਸੀ ਕਿ ਜਿੰਨਾ ਚਿਰ ਮੈਂ ਕਹਾਣੀ ਨ੍ਹੀਂ ਲਿਖ ਲੈਂਦਾ, ਉੱਨਾ ਚਿਰ ਇਸ ਦਾ ਚਾਹ-ਪਾਣੀ ਬੰਦ ਕਰ ਦਿਓ। ਇਹ ਵੀ ਮੇਰਾ ਸਾਥ ਛੱਡ ਗਈ।"

ਆਖ਼ਰੀ ਵਾਰ ਮੈਂ ਉਸ ਨੂੰ ਖੰਨੇ ਦੇ ਬੱਸ ਸਟੈਂਡ ਨੇੜੇ ਪੈਂਦੀ ਚਾਹ ਦੀ ਦੁਕਾਨ 'ਤੇ ਮਿਲਿਆ। ਉਸ ਨੇ ਮੈਨੂੰ 'ਸ਼ਬਦ' ਦਾ ਪੰਜ ਸਾਲਾਂ ਦਾ ਚੰਦਾ ਦਿੱਤਾ। ਮੈਂ ਉਸ ਨੂੰ ਨਵੀਂ ਕਹਾਣੀ ਬਾਰੇ ਪੁੱਛਦਾ, ਉਸ ਨੇ ਪਹਿਲਾਂ ਹੀ ਕਹਿ ਦਿੱਤਾ, "ਯਾਰ, ਹੁਣ ਮੈਥੋਂ ਲਿਖ ਨ੍ਹੀਂ ਹੁੰਦਾ। ਮੇਰੇ ਦਿਮਾਗ 'ਚ ਚਾਰ-ਪੰਜ ਕਹਾਣੀਆਂ ਘੁੰਮ ਰਹੀਆਂ। ਦੋ ਕੁ ਅੱਧ ਵਿਚਾਲੇ ਲਿਖੀਆਂ ਪਈਆਂ। ਜੇ ਮੈਂ ਨਾ ਵੀ ਲਿਖਾਂ ਤਾਂ ਕਿਸੇ ਨੂੰ ਕੀ ਫਰਕ ਪੈਂਦਾ। ਫੇਰ ਮੈਨੂੰ ਕੌਣ ਪੁੱਛਦਾ।" ਪਿਛਲੀ ਗੱਲ ਨੇ ਉਸ ਨੂੰ ਕਿੰਨਾ ਹਿਲਾਇਆ, ਇਹ ਤਾਂ ਉਹ ਹੀ ਜਾਣਦਾ ਸੀ। ਮੈਨੂੰ ਇਸ ਨੇ ਪ੍ਰੇਸ਼ਾਨ ਕੀਤਾ ਸੀ। ਮੈਂ ਚਾਹ ਦਾ ਗਲਾਸ ਫੜੀ ਨੀਵੀਂ ਪਾ ਲਈ। ਜਿਸ ਲੇਖਕ ਦਾ ਕੋਈ ਬਹੁਤਾ ਮੁੱਲ ਨਾ ਪਿਆ ਹੋਵੇ ਤੇ ਉਹ ਦੀਆਂ ਕਹਾਣੀਆਂ ਅਨੁਵਾਦ ਹੋ ਕੇ 'ਧਰਮਯੁੱਗ' ਮੈਗਜ਼ੀਨ ਵਿੱਚ ਲਗਾਤਾਰ ਛਪਦੀਆਂ ਰਹੀਆਂ ਹੋਣ, ਉਸ ਦਾ ਦਰਦ ਛਲਕਣਾ ਹੀ ਛਲਕਣਾ ਹੁੰਦਾ ਹੈ। ਚਾਹ ਵਾਲਾ ਗਲਾਸ ਰੱਖ ਕੇ ਮੈਂ ਉਸ ਦੇ ਚਿਹਰੇ ਵੱਲ ਦੇਖਿਆ। ਉਹ ਪਤਾ ਨਹੀਂ ਕਿਹੜੀ ਦੁਨੀਆ ਵਿੱਚ ਗੁਆਚ ਗਿਆ ਸੀ। ਮੈਂ ਉੱਠ ਕੇ ਉਸ ਦੇ ਪੈਰਾਂ ਨੂੰ ਫੜ ਲਿਆ ਸੀ। ਅਸੀਂ ਦੋਵੇਂ ਭਾਵੁਕ ਹੋ ਗਏ ਸਾਂ। ਉਸ ਨੇ ਵਾਰ-ਵਾਰ ਕਿਹਾ ਸੀ, "ਯਾਰ, ਇਹ ਕੀ ਕਰ ਰਿਹੈਂ। ਮੈਂ ਇੰਨੀ ਜੋਗਾ ਨ੍ਹੀਂ।" ਮੈਂ ਕਿਹਾ ਸੀ, "ਭਾਜੀ, ਇਹ ਮੈਂ ਜਾਣਦਾ ਕਿ ਮੈਂ ਤੁਹਾਡੀ ਕਿੰਨੀ ਇੱਜ਼ਤ ਕਰਦਾਂ ਹਾਂ। ਤੁਸੀਂ ਮੇਰੇ ਲਈ ਵੱਡੇ ਕਹਾਣੀਕਾਰ ਹੋ। ਮੈਂ ਕਿਸੇ ਨੂੰ ਵੀ ਐਨੀ ਵਾਰ ਕਹਾਣੀ ਭੇਜਣ ਲਈ ਨ੍ਹੀਂ ਕਿਹਾ। ਮੈਂ ਚਾਹੁੰਨਾਂ ਕਿ ਤੁਸੀਂ ਲਿਖੋ।" ਉਸ ਨੇ ਵੱਡੇ ਭਰਾ ਵਾਂਗੂੰ ਮੈਨੂੰ ਕਲਾਵੇ ਵਿੱਚ ਲੈ ਲਿਆ। ਉਹ ਦਾ ਕੱਦ ਮੈਥੋਂ ਲੰਬਾ ਸੀ। ਫੇਰ ਉਸ ਨੇ